3rd Grade homework week of /1/18/20 ( Read below essay ,complete exercises



SIKHBOOKCLUB.COM

# ਮੇਰਾ ਕਮਰਾ

ਇਹ ਮੇਰਾ ਆਪਣਾ ਕਮਰਾ ਹੈ। ਇਸ ਦਾ ਇਕ ਦਰਵਾਜ਼ਾ ਤੇ ਦੋ ਖਿੜਕੀਆਂ ਹਨ। ਮੇਰੇ ਕਮਰੇ ਵਿਚ ਇਕ ਮੇਜ਼ ਤੇ ਦੋ ਕੁਰਸੀਆਂ ਹਨ। ਇਕ ਕੁਰਸੀ ਦਰਵਾਜ਼ੇ ਕੋਲ ਹੈ। ਦੂਸਰੀ ਕੁਰਸੀ ਮੇਜ਼ ਦੇ ਕੋਲ ਹੈ। ਮੇਜ਼ ਕੁਰਸੀ ਦੇ ਅੱਗੇ ਹੈ। ਕੁਰਸੀ ਮੇਜ਼ ਦੇ ਪਿੱਛੇ ਹੈ। ਮੇਜ਼ ਦੇ ਉੱਤੇ ਕਿਤਾਬਾਂ ਹਨ। ਕਿਤਾਬਾਂ ਦੇ ਨਾਲ ਪੈਨਸਿਲਾਂ ਵੀ ਹਨ। ਮੇਜ਼ ਦੇ ਥੱਲੇ ਕੀ ਹੈ ? ਮੇਜ਼ ਦੇ ਥੱਲੇ ਵੀ ਕਿਤਾਬਾਂ ਹਨ। ਕਿਤਾਬਾਂ ਚਿੱਟੀਆਂ ਤੇ ਕਾਲੀਆਂ ਹਨ। ਕਿਤਾਬਾਂ ਵਿਚ ਤਸਵੀਰਾਂ ਹਨ। ਕਮਰੇ ਦੀਆਂ ਚਾਰ ਕੰਧਾਂ ਹਨ। ਕੰਧਾਂ ਤੇ ਤਸਵੀਰਾਂ ਹਨ। ਤਸਵੀਰਾਂ ਛੋਟੀਆਂ ਤੇ ਵੱਡੀਆਂ ਹਨ।

ਮੇਰਾ ਮੰਜਾ (ਬੈੱਡ) ਕਮਰੇ ਵਿਚ ਹੈ। ਮੰਜੇ ਤੇ ਚਾਦਰ ਤੇ ਕੰਬਲ ਹਨ। ਮੇਰੇ ਬੂਟ ਦਰਵਾਜ਼ੇ ਦੇ ਬਾਹਰ ਹਨ।

7.8 ਖਾਲੀ ਥਾਂ ਭਰੋ (Fill in the blanks using post-positions, where possible.

1. ਮੇਜ਼ ........ ਕੁਰਸੀ ਹੈ।
2. ਕਿਤਾਬ ਮੇਰੇ ........ ਹੈ।
3. ਕੁਰਸੀ ਦਰਵਾਜ਼ੇ .... ਹੈ।
4. ਬੂਟ .......... ਹਨ।
5. ਤਸਵੀਰਾਂ ਕੰਧ .... ਹਨ।
6. ਕਿਤਾਬਾਂ ਦੇ .... ਕੀ ਹੈ?
7. ਕੰਧਾਂ ... ਤਸਵੀਰਾਂ ਹਨ।
8. ਪੈਨਸਿਲ ਕੁਰਸੀ ..... ਹੈ।
9. ਮੇਰਾ ਸੂਟ ਕੁਰਸੀ ..... ਹੈ।
10. ਕੁਰਸੀ ਮੇਜ਼ ....... ਹੈ।

7.7 Exercises ਇਹਨਾਂ ਪ੍ਰਸ਼ਨਾਂ ਦੇ ਉੱਤਰ ਦਿਉ।

1. ਕਮਰੇ ਦੀਆਂ ਕਿੰਨੀਆਂ ਖਿੜਕੀਆਂ ਹਨ?
2. ਮੇਜ਼ ਕਿਥੇ ਹੈ?
3. ਮੇਜ਼ ਦੇ ਪਿੱਛੇ ਕੀ ਹੈ?
4. ਮੇਜ਼ ਦੇ ਉੱਤੇ ਕੀ ਹੈ ਤੇ ਥੱਲੇ ਕੀ ਹੈ?
5. ਬੂਟ ਕਿਥੇ ਹਨ?
6. ਕੰਧਾਂ ਉੱਤੇ ਕੀ ਹੈ?
7. ਤਸਵੀਰਾਂ ਕਿਥੇ ਹਨ?
8. ਮੇਜ਼ ਤੇ ਹੋਰ ਕੀ ਹੈ?
9. ਦਰਵਾਜ਼ੇ ਦੇ ਕੋਲ ਕੀ ਹੈ?
10. ਕਮਰਾ ਛੋਟਾ ਹੈ ਜਾਂ ਵੱਡਾ?

7.10 Translate into Punjabi (optional)

1. The book is on the table.
2. My shoes are outside and close to the door.
3. My pen is in my pocket.
4. My pencils are on the table.
5. Where are your books and pencils ?
6. What is in between the chair and the table ?
7. Is there any thing else in the room ?
8. What is on the floor of the room ?
9. There is carpet on the floor.
10. Bookshelf is on the floor and books are in the bookshelf.

ਸਨਦੀਪ : ਪਾਠ ਕੀ ਹੁੰਦਾ ਹੈ ?

ਮਨਦੀਪ : ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਨੂੰ ਪਾਠ ਕਰਨਾ ਕਹਿੰਦੇ ਹਨ।

ਸਨਦੀਪ : ਕੀਰਤਨ ਕੀ ਹੁੰਦਾ ਹੈ ?

ਮਨਦੀਪ : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਲੋਕਾਂ ਨੂੰ ਗਾ ਕੇ ਸੁਨਾਉਣ ਨੂੰ ਕੀਰਤਨ ਕਰਨਾ ਕਹਿੰਦੇ ਹਨ।

ਸਨਦੀਪ : ਗੁਰਦਵਾਰੇ ਵਿੱਚ ਪਾਠ ਕੌਣ ਕਰਦਾ ਹੈ ?

ਮਨਦੀਪ : ਗੁਰਦਵਾਰੇ ਵਿੱਚ ਪਾਠ ਕਰਨ ਵਾਲੇ ਨੂੰ ਪਾਠੀ ਕਹਿੰਦੇ ਹਨ। ਪਾਠ ਕਰਨ ਤੋਂ ਪਹਿਲਾਂ ਪਾਠੀ ਇਸ਼ਨਾਨ ਕਰਦਾ ਹੈ ਅਤੇ ਉਸਨੂੰ ਸਾਫ਼ ਸੁਥਰੇ ਕੱਪੜੇ ਪਾਉਣੇ ਪੈਂਦੇ ਹਨ।

ਸਨਦੀਪ : ਕੀ ਗੁਰਦਵਾਰੇ ਵਿੱਚ ਹਰ ਕੋਈ ਆ ਸਕਦਾ ਹੈ ?

ਮਨਦੀਪ : ਹਾਂ, ਗੁਰਦਵਾਰੇ ਵਿੱਚ ਕਿਸੇ ਨੂੰ ਵੀ ਜਾਣ ਤੋਂ ਰੋਕਿਆ ਨਹੀਂ ਜਾਂਦਾ। ਹਰ ਇਸਤਰੀ ਪੁਰਸ਼ ਭਾਵੇਂ ਉਹ ਕਿਸੇ ਵੀ ਧਰਮ, ਪਾਰਟੀ ਜਾਂ ਰੰਗ ਦਾ ਹੋਵੇ, ਗੁਰਦਵਾਰੇ ਜਾ ਸਕਦਾ ਹੈ ਪਰ ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਕੁਝ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਪੈਂਦਾ ਹੈ।

## ਗੁਰਦਵਾਰਾ

ਸਨਦੀਪ : ਇਹ ਸਾਹਮਣੇ ਕੀ ਹੈ ? ਬਹੁਤ ਵੱਡੀ ਇਮਾਰਤ ਹੈ।

ਮਨਦੀਪ : ਇਹ ਗੁਰਦਵਾਰਾ ਹੈ।

ਸਨਦੀਪ : ਗੁਰਦਵਾਰਾ ਕੀ ਹੁੰਦਾ ਹੈ ?

ਮਨਦੀਪ : ਤੈਨੂੰ ਇਹ ਵੀ ਪਤਾ ਨਹੀਂ ? ਇਹ ਸਿੱਖਾਂ ਦਾ ਧਾਰਮਿਕ ਅਸਥਾਨ ਹੁੰਦਾ ਹੈ।

ਸਨਦੀਪ : ਗੁਰਦਵਾਰੇ ਵਿੱਚ ਲੋਕ ਕੀ ਕਰਦੇ ਹਨ ?

ਮਨਦੀਪ : ਗੁਰਦਵਾਰੇ ਵਿੱਚ ਲੋਕ ਸਿੱਖਾਂ ਦੀ ਧਾਰਮਿਕ ਕਿਤਾਬ ਵਿੱਚੋਂ ਪਾਠ ਅਤੇ ਕੀਰਤਨ ਸੁਣਦੇ ਹਨ।

ਸਨਦੀਪ : ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ ਕੀ ਹੈ ?

ਮਨਦੀਪ : ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਾਰੇ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸਨਮਾਨ ਕਰਦੇ ਹਨ।

ਸਨਦੀਪ : ਗੁਰਦਵਾਰੇ ਜਾਣ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ ?

ਮਨਦੀਪ : ਗੁਰਦਵਾਰੇ ਜਾਣ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ :

1) ਆਪਣਾ ਸਿਰ ਕਿਸੇ ਰੁਮਾਲ ਨਾਲ ਢੱਕ ਲੈਣਾ ਚਾਹੀਦਾ ਹੈ। ਜੇ ਤੁਸੀਂ ਪੱਗੜੀ ਬੰਨ੍ਹੀ ਹੈ ਜਾਂ ਚੁੰਨੀ ਲਈ ਹੋਈ ਹੈ ਤਾਂ ਠੀਕ ਹੈ।
2) ਤੁਹਾਡੇ ਪਾਸ ਕੋਈ ਤੰਬਾਕੂ ਵਾਲੀ ਚੀਜ਼ ਸਿਗਰਟ ਆਦਿ ਨਹੀਂ ਹੋਣੀ ਚਾਹੀਦੀ।
3) ਆਪਣੀ ਜੁੱਤੀ ਖੋਲ੍ਹ ਕੇ ਬਾਹਰ ਰੱਖਣੀ ਚਾਹੀਦੀ ਹੈ।
4) ਬੀਅਰ ਜਾਂ ਸ਼ਰਾਬ ਪੀ ਕੇ ਗੁਰਦਵਾਰੇ ਵਿੱਚ ਨਹੀਂ ਜਾਣਾ ਚਾਹੀਦਾ।

ਸਨਦੀਪ : ਗੁਰਦਵਾਰੇ ਦੇ ਅੰਦਰ ਜਾ ਕੇ ਕੀ ਕਰਨਾ ਚਾਹੀਦਾ ਹੈ ?

ਮਨਦੀਪ : ਗੁਰਦਵਾਰੇ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਮੱਥਾ ਟੇਕ ਕੇ ਬੈਠ ਜਾਣਾ ਚਾਹੀਦਾ ਹੈ।

ਸਨਦੀਪ : ਕੀ ਗੁਰਦਵਾਰੇ ਦੇ ਅੰਦਰ ਕਿਤੇ ਵੀ ਬੈਠ ਸਕਦੇ ਹੋ ?

ਮਨਦੀਪ : ਹਾਂ, ਤੁਸੀਂ ਕਿਤੇ ਵੀ ਬੈਠ ਸਕਦੇ ਹੋ ਪਰ ਆਮ ਤੌਰ ਤੇ ਇਸਤਰੀਆਂ ਇੱਕ ਪਾਸੇ ਅਤੇ ਪੁਰਸ਼ ਦੂਜੇ ਪਾਸੇ ਬੈਠਦੇ ਹਨ। ਇਹ ਇੱਕ ਰਿਵਾਜ ਹੀ ਬਣ ਗਿਆ ਹੈ, ਵੈਸੇ ਇਸ ਬਾਰੇ ਕੋਈ ਖ਼ਾਸ ਨਿਯਮ ਨਹੀਂ ਹਨ।

ਸਨਦੀਪ : ਤੈਨੂੰ ਤਾਂ ਮਨਦੀਪ ਗੁਰਦਵਾਰੇ ਬਾਰੇ ਬਹੁਤ ਜਾਣਕਾਰੀ ਹੈ। ਮੈਨੂੰ ਤਾਂ ਕੁਝ ਪਤਾ ਹੀ ਨਹੀਂ ਸੀ। ਮੈਂ ਤੇਰੇ ਕੋਲੋਂ ਅੱਜ ਬਹੁਤ ਕੁਝ ਸਿਖਿਆ ਹੈ। ਮੈਂ ਤੇਰਾ ਬਹੁਤ ਧੰਨਵਾਦੀ ਹਾਂ। ਕੀ ਤੂੰ ਮੈਨੂੰ ਗੁਰਦਵਾਰੇ ਅਤੇ ਸਿੱਖ ਧਰਮ ਬਾਰੇ ਕੁਝ ਹੋਰ ਗੱਲਾਂ ਵੀ ਦੱਸ ਸਕਦਾ ਹੈਂ ?

ਮਨਦੀਪ : ਅੱਜ ਤਾਂ ਨਹੀਂ ਕਿਉਂਕਿ ਅੱਜ ਮੈਂ ਘਰ ਜਲਦੀ ਜਾਣਾ ਹੈ ਪਰ ਫੇਰ ਕਿਤੇ ਜੇ ਸਮਾਂ ਮਿਲਿਆ ਤਾਂ ਜ਼ਰੂਰ ਦੱਸਾਂਗਾ।

SIKHBOOKCLUB.COM
SIKHBOOKCLUB.COM

## ਅਭਿਆਸ (Exercise)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :
   - ੳ) ਗੁਰਦਵਾਰਾ ਕੀ ਹੁੰਦਾ ਹੈ ?
   - ਅ) ਲੋਕੀਂ ਗੁਰਦਵਾਰੇ ਕਿਉਂ ਜਾਂਦੇ ਹਨ ?
   - ੲ) ਇੰਗਲੈਂਡ ਵਿੱਚ ਜ਼ਿਆਦਾ ਲੋਕੀਂ ਕਿਸ ਦਿਨ ਗੁਰਦਵਾਰੇ ਜਾਂਦੇ ਹਨ ?
   - ਸ) ਕੋਈ ਤਿੰਨ ਗੱਲਾਂ ਲਿਖੋ ਜਿਨ੍ਹਾਂ ਦਾ ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਖ਼ਿਆਲ ਰੱਖਣਾ ਚਾਹੀਦਾ ਹੈ।
   - ਹ) ਸਨਦੀਪ ਅਤੇ ਮਨਦੀਪ ਵਿੱਚੋਂ ਕਿਸ ਨੂੰ ਗੁਰਦਵਾਰੇ ਬਾਰੇ ਜ਼ਿਆਦਾ ਜਾਣਕਾਰੀ ਹੈ ?

SIKHBOOKCLUB.COM

2. ਖ਼ਾਲੀ ਥਾਵਾਂ ਭਰੋ :
   - ੳ) ਸਿੱਖਾਂ ਦਾ ਧਾਰਮਿਕ ਅਸਥਾਨ..............ਹੁੰਦਾ ਹੈ।
   - ਅ) ਸਿੱਖਾਂ ਦੀ ਧਾਰਮਿਕ ਕਿਤਾਬ ਦਾ ਨਾਂ.............. ਹੈ।
   - ੲ) ਗੁਰਦਵਾਰੇ ਵਿੱਚ..............ਕਰਨ ਵਾਲੇ ਨੂੰ ..............ਕਹਿੰਦੇ ਹਨ।
   - ਸ) ਗੁਰਦਵਾਰੇ ਦੇ ਅੰਦਰ ਜਾਣ ਤੋਂ ਪਹਿਲਾਂ ਆਪਣੀ ................ ਖੋਲ੍ਹ ਕੇ....................ਰੱਖ ਦੇਣੀ ਚਾਹੀਦੀ ਹੈ।
   - ਹ) ਸਨਦੀਪ ਅਤੇ ਮਨਦੀਪ ਵਿੱਚੋਂ...............ਨੂੰ ਗੁਰਦਵਾਰੇ ਬਾਰੇ ਜ਼ਿਆਦਾ ਜਾਣਕਾਰੀ ਸੀ।

**Answer the following questions in English :**

1. What is a Gurdwara ?
2. Why do people go to the Gurdwara ?
3. On what day do most people go to the Gurdwara in England ?
4. Write three things which people should do before entering the Gurdwara.
5. Who knows more about the Gurdwara—Sandeep or Mandeep ?

◎

SIKHBOOKCLUB.COM

Look at the pictures then write in PUNJABI what are they doing ?

| | |
|---|---|
|  | |
| | |
|  | |
| | |
|  | |
| | |
|  | |
| | |
|  | |
| | |
|  | |
| | |

| | |
|---|---|
|  | |
| | |
|  | |
| | |
|  | |
| | |
|  | |